ਸਭ ਹਕ ਰਾਖਵੇਂ ਹਨ

ਨਵੀਨ

ਅਸਚਰਜ ਕਹਾਣੀਆਂ

੧. ਹੋਣੀ ਸਭ ਤੋਂ ਬਲਵਾਨ ਹੈ।
੨. ਸੁਪਨੇ ਦੀ ਪਰਤੱਖ ਖੇਡ।
੩. ਇਕ ਬਹਾਦਰ ਸਾਥੀ।
੪. ਨਿਰੀ ਬੇਤਰਸੀ।
੫. ਸੇਠ ਰੂੜਾ ਤੇ ਰੱਬ।

BHAI DYAL SINGH LAHORE LIBRARY.

ਲੇਖਕ ਤੇ ਪ੍ਰਕਾਸ਼ਕ

ਮਾਸਟਰ ਕਰਮ ਸਿੰਘ ਗੰਗਾਵਾਲਾ

ਐਜੂਕੇਸ਼ਨਲ ਪਬਲਿਸ਼ਰ
ਗੰਗਾਵਾਲਾ ਬਿਲਡਿੰਗ, ਖ਼ਾਲਸਾ ਕਾਲਜ, ਅੰਮ੍ਰਿਤਸਰ

'ਨਰਿੰਦਰ ਪ੍ਰਿੰਟਿੰਗ ਪ੍ਰੈਸ' ਕਟੜਾ ਜਲ੍ਹਿਆਂ ਵਾਲਾ ਅੰਮ੍ਰਿਤਸਰ
ਵਿਚ ਗਿ: ਗੁਰਚਰਨ ਸਿੰਘ 'ਸਾਥੀ' ਪ੍ਰਿੰਟਿਰ ਦੇ
ਪ੍ਰਬੰਧ ਹੇਠ ਛਪੀਆਂ।

ਪਹਿਲੀ ਵਾਰ ਮੁੱਲ ੧)

ਭੂਮਿਕਾ

ਸੰਸਾਰ ਵਿਚ ਮਨੁੱਖ ਦੇ ਅੰਦਰ ਤੇ ਬਾਹਰ ਕਈ ਅਜੇਹੀਆਂ ਸ਼ਕਤੀਆਂ ਕੰਮ ਕਰ ਰਹੀਆਂ ਹਨ, ਜੋ ਸੁਖ ਦੇਣਾ ਚਾਹੁਣ, ਤਾਂ ਅਜੇਹੇ ਸੁਚੱਜੇ ਢੰਗ ਨਾਲ ਰਾਹ-ਨੁਮਾਈ ਕਰਦੀਆਂ ਹਨ ਕਿ ਮਨੁੱਖ ਸਹਿਜੇ ਹੀ ਸਫਲਤਾ ਦੀ ਚੋਟੀ ਤੇ ਪੁੱਜ ਜਾਂਦਾ ਹੈ ਤੇ ਹਰ ਪਾਸੇ ਸੁਖ ਹੀ ਸੁਖ ਵੇਖਦਾ ਹੈ; ਅਤੇ ਜੇ ਦੁੱਖਾਂ ਦੀ ਭੱਠੀ ਵਿਚ ਝੋਕਣਾ ਚਾਹੁਣ, ਤਾਂ ਅਜੇਹਾ ਕੁਰਾਹੇ ਪਾਂਦੀਆਂ ਹਨ ਕਿ ਸੌ ਸਿਆਣਪਾਂ ਰੱਖਦਿਆਂ ਹੋਇਆਂ ਵੀ ਮਨੁੱਖ ਬਿਪਤਾ ਦੀ ਘੁੰਮਣ-ਘੇਰੀ ਵਿਚ ਗੋਤੇ ਖਾਣ ਲੱਗ ਜਾਂਦਾ ਹੈ ਤੇ ਉਹਨੂੰ ਨਿਕਲਣ ਦਾ ਕੋਈ ਰਾਹ ਨਹੀਂ ਲੱਭਦਾ; ਫਿਰ ਜੇ ਦੁੱਖਾਂ ਦੀ ਘੜੀ ਮੁੱਕਣ ਤੇ ਆਵੇ, ਤਾਂ ਸੁਤੇ ਹੀ ਅਜੇਹੀ ਡੋਲ ਬਣ ਜਾਂਦੀ ਹੈ ਕਿ ਉਹੋ ਵਾਲ ਵਾਲ ਜਕੜਿਆ ਹੋਇਆ ਮਨੁੱਖ ਮੱਖਣ ਚੋਂ ਵਾਲ ਦੀ ਤਰ੍ਹਾਂ ਸਾਫ਼ ਨਿਕਲ ਜਾਂਦਾ ਹੈ ਤੇ ਮੁੜ ਸੁਖ ਦਾ ਸਾਹ ਲੈਣ ਲੱਗ ਪੈਂਦਾ ਹੈ । ਇਹ ਇਕ ਅਜੇਹੀ ਅਸਚਰਜ ਖੇਡ ਹੈ, ਜੋ ਹਰ ਸਮੇਂ ਵਿਚ ਤੇ ਹਰ ਇਕ ਦੇਸ ਵਿਚ ਹਮੇਸ਼ਾਂ ਹੁੰਦੀ ਰਹਿੰਦੀ ਹੈ ਤੇ ਇਸ ਦੇ ਨਿਰਾਲੇ ਰੰਗ ਵੇਖ ਵੇਖ ਕੇ ਲੋਕੀਂ ਹੈਰਾਨ ਰਹਿ ਜਾਂਦੇ ਹਨ।

ਸੋ ਮਨੁੱਖੀ ਜੀਵਨ ਦੀ ਇੱਸੇ ਅਸਚਰਜ ਖੇਡ ਨੂੰ ਦਰਸਾਉਣ ਲਈ ਇਹ ਕਹਾਣੀਆਂ ਲਿਖੀਆਂ ਗਈਆਂ

ਹਨ, ਜਿਨ੍ਹਾਂ ਵਿੱਚੋਂ ਪਹਿਲੀ ਈਰਾਨ ਦੇਸ ਨਾਲ, ਦੂਜੀ ਪਠਾਣੀ ਇਲਾਕੇ ਨਾਲ, ਤੀਜੀ ਤਾਤਾਰ ਤੇ ਰੂਸ ਦੀ ਧਰਤੀ ਨਾਲ, ਚੌਥੀ ਹਿੰਦੁਸਤਾਨ ਦੇ ਧਨਾਢਾਂ ਤੇ ਕੰਗਾਲਾਂ ਦੀ ਪਰਸਪਰ ਵਰਤੋਂ ਨਾਲ ਤੇ ਪੰਜਵੀਂ ਜੀਵਨ ਦੇ ਕਈਆਂ ਰੰਗਾਂ (ਦੁੱਖ ਤੋਂ ਸੁਖ, ਸੁਖ ਤੋਂ ਦੁੱਖ, ਨਿਰੀ ਬਿਪਤਾ ਤੋਂ ਪਰਮ ਸੁਖ ਦੀ ਪ੍ਰਾਪਤੀ, ਖ਼ਲਕਤ ਨਾਲ ਪਿਆਰ, ਆਦਿਕ) ਨਾਲ ਸੰਬੰਧ ਰੱਖਦੀ ਹੈ। ਵਾਧਾ ਇਹ ਹੈ ਕਿ ਹਰ ਇਕ ਕਹਾਣੀ ਅਸਲੀਅਤ ਦੇ ਮੁਤਾਬਕ ਤੇ ਅਜੇਹੀ ਮਨ-ਖਿੱਚਵੀਂ ਹੈ ਕਿ ਪਾਠਕ ਸਾਰੀ ਪੜ੍ਹੇ ਬਿਨਾਂ ਛੱਡਦਾ ਹੀ ਨਹੀਂ ਤੇ ਮਨੁੱਖੀ ਜੀਵਨ ਦੇ ਭਿੰਨ ਭਿੰਨ ਰੰਗਾਂ ਤੋਂ ਭਲੀ ਭਾਂਤ ਜਾਣੂ ਹੋ ਜਾਂਦਾ ਹੈ।

ਇਹ ਪੋਥੀ ਹਾਈ ਕਲਾਸਾਂ ਦੇ ਵਿੱਦਿਆਰਥੀਆਂ ਲਈ ਖ਼ਾਸ ਤੌਰ ਪੁਰ ਲਾਭਦਾਇਕ ਹੈ ਕਿ ਕਹਾਣੀਆਂ ਉਨ੍ਹਾਂ ਦੀ ਸਮਰੱਥਾ ਅਨੁਸਾਰ ਹਨ, ਬੋਲੀ ਠੇਠ ਹੈ, ਸ਼ਬਦ-ਜੋੜ ਸੁੱਧ ਹਨ ਤੇ ਬਿਸਰਾਮ ਚਿੰਨ੍ਹਾਂ ਦੀ ਵਰਤੋਂ ਵਿਆਕਰਣ ਦੇ ਨੇਮਾਂ ਅਨੁਸਾਰ ਹੈ; ਨਾਲੇ ਹਰ ਇਕ ਕਹਾਣੀ ਇੱਨੀ ਲੰਮੀ ਹੈ ਕਿ ਉਹਨੂੰ ਸੰਖੇਪ ਕਰਕੇ ਲਿਖਣ ਨਾਲ ਸੰਖੇਪ-ਰਚਨਾ ਦਾ ਅਭਿਆਸ ਵੀ ਹੋ ਸੱਕਦਾ ਹੈ ਤੇ ਭਿੰਨ ਭਿੰਨ ਹਸਤੀਆਂ ਦੇ ਗੁਣ-ਸਭਾਉ ਤੇ ਖ਼ਾਸ ਖ਼ਾਸ ਹਾਲਤਾਂ ਨੂੰ ਦਰਸਾਉਣ ਨਾਲ ਪੜਚੋਲ ਕਰਨ ਦੀ ਜਾਚ ਵੀ ਆ ਸੱਕਦੀ ਹੈ।

ਆਸ਼ਾ ਹੈ, ਪਾਠਕ ਜਨ ਸਾਡੀਆਂ ਹੋਰਨਾਂ ਪੁਸਤਕਾਂ ਦੀ ਤਰ੍ਹਾਂ ਇਹਨੂੰ ਵੀ ਪਸੰਦ ਕਰਨਗੇ ਤੇ ਸਾਡਾ ਹਰ ਤਰ੍ਹਾਂ ਨਾਲ ਉਤਸ਼ਾਹ ਵਧਾ ਕੇ ਧੰਨਵਾਦੀ ਬਣਾਉਣਗੇ।

ਕਰਮ ਸਿੰਘ ਗੰਗਾਵਾਲਾ

੧. ਹੋਣੀ ਸਭ ਤੋਂ ਬਲਵਾਨ ਹੈ

ਮਾਂ ਨੇ ਸੱਚ ਛੁਪਾਇਆ, ਪੁੱਤ ਨ ਜਾਵੇ ਜੰਗ।
ਪਰ ਹੋਣੀ ਬਲਵਾਨ ਨੇ ਕਿਆ ਰਚਾਇਆ ਢੰਗ!

ਅੱਧੀ ਰਾਤ ਤੋਂ ਪਿੱਛੋਂ ਚਾਈ ਤਿੰਨ ਵਜੇ ਦਾ ਸਮਾਂ ਸੀ, ਠੰਢੀ ਠੰਢੀ ਪੌਣ ਚਲ ਰਹੀ ਸੀ। ਸੀਸਤਾਨੀ ਸ਼ੇਰ ਸੁਖ ਦੀ ਨੀਂਦਰੇ ਸੁੱਤਾ ਪਿਆ ਸੀ। ਬਾਹਰੋਂ ਸ਼ਾਹੀ ਦੂਤ ਆ ਗਏ। ਉਨ੍ਹਾਂ ਨੇ ਡਿਉਢੀ ਦਾ ਦਰਵਾਜ਼ਾ ਖੜਕਾਇਆ, ਚੌਂਕੀਦਾਰ ਨੇ ਨਾਉਂ-ਪਤਾ ਪੁੱਛ ਕੇ ਬੂਹਾ ਖੋਲ੍ਹਿਆ, ਦੂਤ ਅੰਦਰ ਆ ਗਏ। ਪੈਰਾਂ ਦਾ ਖੜਕਾਰ ਸੁਣ ਕੇ ਸ਼ੇਰ ਜਾਗਿਆ, ਤਾਂ ਸ਼ਾਹੀ ਦੂਤਾਂ ਨੂੰ ਵੇਖ ਕੇ ਪੁੱਛਣ ਲੱਗਾ—"ਸੁਖ ਤਾਂ ਹੈ, ਐਸ ਵੇਲੇ ਕਿਵੇਂ ਆਏ ਹੋ?"

ਦੂਤਾਂ ਨੇ ਆਖਿਆ—"ਸੁਖ ਕਾਹਦਾ ਹੈ, ਤੂਰਾਨ ਦਾ ਬਾਦਸ਼ਾਹ 'ਅਫ਼ਰਾਸਿਆਬ' ਬਹੁਤ ਸਾਰੀ ਫ਼ੌਜ ਲੈ ਕੇ ਸ਼ਾਹੀ ਸ਼ਹਿਰ ਪੁਰ ਚੜ੍ਹ ਆਇਆ ਹੈ ਤੇ ਆਖਦਾ ਹੈ ਕਿ ਈਨ ਮੰਨ ਜਾਓ ਯਾ ਲੜਾਈ ਕਰੋ; ਇਸ ਲਈ ਬਾਦਸ਼ਾਹ ਸਲਾਮਤ ਨੇ ਆਪ ਨੂੰ ਸੱਦ ਭੇਜਿਆ ਹੈ ਤੇ ਤਾਕੀਦ ਕੀਤੀ ਹੈ ਕਿ ਝੱਟਪਟ ਰਾਜਧਾਨੀ ਵਿਚ ਪਹੁੰਚ ਜਾਓ ਤੇ ਸ਼ਾਹੀ ਫ਼ੌਜ ਦੀ ਕਮਾਨ ਸੰਭਾਲ ਕੇ ਦੇਸ ਦੀ ਰਾਖੀ ਕਰੋ।"

ਰੁਸਤਮ ਨੇ ਆਖਿਆ—"ਘਾਬਰਨ ਦੀ ਕੋਈ ਲੋੜ ਨਹੀਂ, ਮੈਂ ਕਲ੍ਹ ਸਵੇਰੇ ਇੱਥੋਂ ਤੁਰ ਪਵਾਂਗਾ। ਤੁਸੀਂ ਹੁਣੇ ਮੁੜ ਪਵੋ ਤੇ ਜਾ ਕੇ ਪਾਤਸ਼ਾਹ ਸਲਾਮਤ ਨੂੰ ਤਸੱਲੀ ਦਿਓ ਕਿ ਅਸੀਂ ਬਹਾਦਰਾਂ ਵਾਙੂ ਲੜਾਂਗੇ, ਐਵੇਂ ਈਨ ਨਹੀਂ ਮੰਨਾਂਗੇ।"

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.